# ਸਕੂਲਾਂ 'ਚੋਂ ਸ਼ਰਾਰਤੀ ਵਿਦਿਆਰਥੀ ਨੂੰ ਕੱਢਣ ਦੇ ਹੁਕਮਾਂ ਦਾ ਭਰਵਾਂ ਸਵਾਗਤ

## ਸਕੂਲ ਅਸੈਂਬਲੀਆਂ 'ਚ ਪੜ੍ਹੀ ਗਈ ਇਹ ਖ਼ਬਰ

## ਅਧਿਆਪਨ ਅਮਲੇ ਦਾ ਸਵੈਮਾਣ ਬਣੇ ਹੁਕਮ

ਡੀ. ਜੀ. ਐਸ. ਈ. ਪੰਜਾਬ ਦੇ ਹੁਕਮਾਂ 'ਤੇ ਅਧਾਰਤ ਛਪੀ ਖ਼ਬਰ 'ਸਿੱਖਿਆ ਵਿਭਾਗ ਵੱਲੋਂ ਸ਼ਰਾਰਤੀ ਵਿਦਿਆਰਥੀਆਂ ਨੂੰ ਸਕੂਲੋਂ ਕੱਢਣ ਦੇ ਹੁਕਮ' ਦਾ ਅਧਿਆਪਕ-ਵਰਗ ਨੇ ਭਰਵਾਂ ਸਵਾਗਤ ਕੀਤਾ ਹੈ। ਬਹੁਤ ਸਕੂਲਾਂ ਵਿਚ ਅਨੁਸ਼ਾਸਨ-ਬਹਾਲੀ ਲਈ ਤਰਸਦੇ ਅਮਲੇ ਨੇ ਇਹ ਖ਼ਬਰ ਸਵੇਰ ਦੀਆਂ ਸਭਾਵਾਂ 'ਚ ਵੀ ਪੜ੍ਹਕੇ ਵੀ ਸੁਣਾਈ ਗਈ। ਇਨ੍ਹਾਂ ਹੁਕਮਾਂ 'ਤੇ ਨੋਟ ਕੀਤੇ ਗਏ ਕੁਝ ਵਿਚਾਰ ਪੇਸ਼ ਹਨ: ਸਵਰਨ ਸਿੰਘ ਭੰਗੂ

ਜਦੋਂ ਤੋਂ ਸਿੱਖਿਆ ਅਧਿਕਾਰ ਕਨੂੰਨ ਤਹਿਤ ਵਿਭਾਗ ਨੇ ਸਕੂਲਾਂ ਦੇ ਬਾਹਰ ਵੱਡੇ ਬੋਰਡਾਂ 'ਤੇ ਸ਼ਰੇਆਮ ਲਿਖ ਕੇ ਅਧਿਆਪਕਾਂ ਕੋਲੋਂ, ਸਿੱਖਿਆ ਲਈ



ਅਹਿਮ ਸਮਝੀ ਜਾਂਦੀ 'ਸਿਆਣੀ ਸਖਤੀ' ਵੀ ਖੋਹ ਲਈ ਸੀ, ਉਦੋਂ ਤੋਂ ਹੀ ਸਕੂਲਾਂ ਵਿਚ ਪੜ੍ਹਦੇ ਕੁਝ ਅਲਗਰਜ ਬੱਚੇ ਬਿਲਕੁਲ ਬੇਡਰ ਹੋ ਗਏ ਸਨ। ਅਜਿਹੇ ਵਿਦਿਆਰਥੀ ਸਕੂਲਾਂ 'ਚ ਮੋਟਰਸਾਈਕਲ, ਮੋਬਾਈਲ ਲੈ ਕੇ ਆਉਣ ਲੱਗ ਪਏ ਸਨ, ਅਧਿਆਪਕਾਂ ਦਾ ਮਖੌਲ ਉਡਾਉਂਦੇ ਸਨ ਤੇ ਸੰਜੀਦਾ ਵਿਦਿਆਰਥੀਆਂ ਨੂੰ ਵੀ ਪੜ੍ਹਨ ਨਹੀਂ ਸਨ ਦਿੰਦੇ। ਅਧਿਆਪਨ ਅਮਲਾ ਲਾਚਾਰ ਹੋ ਕੇ ਰਹਿ ਗਿਆ ਸੀ। ਨਵੇਂ ਹੁਕਮ ਮੁੜ ਕੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਅਨੁਸ਼ਾਸ਼ਨ ਬੱਧ ਕਰਨਗੇ।

**ਅਮਨਦੀਪ ਸਿੰਘ ਮਾਂਗਟ**
**ਪ੍ਰਧਾਨ ਨਗਰ ਪੰਚਾਇਤ,**
**ਚਮਕੌਰ ਸਾਹਿਬ**

ਅਧਿਆਪਕ ਮੁੜ ਵਿਦਿਆਰਥੀ ਨੂੰ ਸਕਾਰਾਤਮਿਕ ਝਿੜਕ ਤੋਂ ਵੀ ਵਰਜਿਤ ਕਰ ਦੇਣ ਸਬੰਧੀ ਆਦਿ ਸ਼ਰਤਾਂ ਹਰੇਕ ਸਕੂਲ ਦੀ



ਕੰਧ 'ਤੇ ਲਿਖ ਦੇਣ ਉਪਰੰਤ ਸਕੂਲਾਂ 'ਚ ਪੜ੍ਹਦੇ, ਨਵੀਂ ਉਮਰ ਦੇ ਵਿਗੜੇ ਬੱਚੇ ਆਪਣੇ ਅਧਿਆਪਕਾਂ ਨੂੰ ਸ਼ਰੇਆਮ ਅੱਖਾਂ ਵਿਖਾਉਣ ਲੱਗੇ ਸਨ। ਸੋ ਅਜਿਹੇ ਹਲਾਤਾਂ 'ਚ ਅਧਿਆਪਕ ਮਹਿਜ ਕਠਪੁਤਲੀ ਬਣਦਾ ਜਾ ਰਿਹਾ ਸੀ। ਭਾਵੇਂ ਕਿ ਇਹ ਹੁਕਮ ਹਾਲ ਦੀ ਘੜੀ ਸੈਕੰਡਰੀ, ਸੀਨੀਅਰ ਸੈਕੰਡਰੀ ਸਕੂਲਾਂ 'ਚ ਹੀ ਲਾਗੂ ਹੋਏ ਹਨ ਪ੍ਰੰਤੂ ਇਨ੍ਹਾਂ ਦਾ ਸਕਾਰਾਤਮਿਕ ਪ੍ਰਭਾਵ ਪੰਜਾਬ ਭਰ ਦੇ ਪ੍ਰਾਇਮਰੀ ਤੇ ਮਿਡਲ ਸਕੂਲਾਂ 'ਚ ਵੀ ਸਪੱਸ਼ਟ ਵੇਖਣ ਨੂੰ ਮਿਲੇਗਾ।

**ਗੁਰਪ੍ਰੀਤ ਸਿੰਘ ਹੀਰਾ**
**ਸਾਇੰਸ ਮਾਸਟਰ**
**ਸਰਕਾਰੀ ਮਿਡਲ ਸਕੂਲ**
**ਭੋਜੇ ਮਾਜਰਾ (ਰੂਪਨਗਰ)**

ਡੀ. ਜੀ. ਐਸ. ਈ. ਵੱਲੋਂ ਗੈਰ ਅਨੁਸ਼ਾਸ਼ਿਤ ਬੱਚਿਆਂ ਪ੍ਰਤੀ ਲਿਆ ਗਿਆ ਫੈਸਲਾ ਸ਼ਲਾਘਾਯੋਗ ਕਦਮ ਹੈ। ਵਿਦਿਆਰਥੀਆਂ 'ਚ ਕੁਝ ਸਮੇਂ ਤੋਂ ਇਹ



ਪ੍ਰਭਾਵ ਆਮ ਬਣ ਗਿਆ ਸੀ ਕਿ ਉਹ ਜਿੰਨੇ ਮਰਜ਼ੀ ਗੈਰ-ਅਨੁਸ਼ਾਸ਼ਿਤ ਕਿਉਂ ਨਾ ਹੋ ਜਾਣ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੋਵੇਗੀ। ਇਸ ਦਾ ਲਾਭ ਲੈ ਕੇ ਗਿਣਤੀ ਦੇ ਸ਼ਰਾਰਤੀ ਵਿਦਿਆਰਥੀ ਜਮਾਤ ਦਾ ਮਾਹੌਲ ਖਰਾਬ ਕਰਦੇ ਸਨ। ਇਸ ਨਾਲ ਪੜ੍ਹਨ ਵਾਲੇ ਬੱਚਿਆਂ 'ਤੇ ਮਾੜਾ ਅਸਰ ਪੈਂਦਾ ਸੀ। ਅਜਿਹੇ ਵਿਦਿਆਰਥੀਆਂ ਦੀਆਂ ਬੁਰੀਆਂ ਹਰਕਤਾਂ ਕਾਰਨ ਜਮਾਤਾਂ ਦੇ ਕਮਰਿਆਂ ਤੇ ਸਮੁੱਚੇ ਸਕੂਲ ਵਿਚ ਉਤੇਜਨਾ ਦਾ ਮਾਹੌਲ ਬਣਨ ਕਾਰਨ, ਸਿੱਖਿਆ ਦਰਕਿਨਾਰ ਹੋਈ ਰਹਿੰਦੀ ਸੀ।

**ਅਵਤਾਰ ਸਿੰਘ**
**ਪੰਜਾਬੀ ਮਾਸਟਰ, ਸ: ਸੀ: ਸੈ: ਸਕੂਲ**
**ਝੱਲੀਆਂ ਕਲਾਂ (ਰੂਪਨਗਰ)**

ਸਕੂਲਾਂ ਦੀਆਂ ਕੰਧਾਂ 'ਤੇ ਆਰ. ਟੀ. ਆਈ. ਕਨੂੰਨ ਤਹਿਤ ਲਿਖੇ ਬੋਰਡਾਂ ਨੇ ਅਧਿਆਪਕ ਦੇ ਰੁਤਬੇ ਨੂੰ ਜੋ ਇਖਲਾਕੀ ਢਾਹ ਲਾਈ ਸੀ,



ਪਲੇਠੇ ਹੁਕਮਾਂ ਨੇ ਮੁੜ ਅਧਿਆਪਕ ਵਰਗ ਦਾ ਵਕਾਰ ਬਹਾਲ ਕਰ ਦਿੱਤਾ ਹੈ। ਦੁੱਖ ਦੀ ਗੱਲ ਇਹ ਹੈ ਕਿ ਖਿੰਡਾਵਾਂ ਭਰੇ ਤੇ ਵਿਗੜੇ ਆਲੇ-ਦੁਆਲੇ ਕਾਰਨ ਸ਼ਰਾਰਤੀ ਕਿਸਮ ਦੇ ਵਿਦਿਆਰਥੀ ਆਪਣੇ ਮਾਪਿਆਂ ਦੀ ਵੀ ਪ੍ਰਵਾਹ ਨਹੀਂ ਕਰਦੇ, ਜੇਕਰ ਅਧਿਆਪਕ ਦਾ ਭੈਅ ਸੀ ਉਹ ਅਜਿਹੇ ਵਿਦਿਆਰਥੀਆਂ ਦੇ ਮਨਾਂ ਵਿਚੋਂ 'ਕੰਧ 'ਤੇ ਲਿਖੇ' ਨੇ ਦੂਰ ਕਰ ਦਿੱਤਾ ਸੀ। ਅਧਿਆਪਕ-ਵਰਗ ਤਾਂ ਵਿਦਿਆਰਥੀਆਂ ਲਈ ਭਵਿੱਖ-ਮੁਖੀ ਹੁੰਦਾ ਹੈ, ਅਧਿਆਪਕ ਦੀ ਘੂਰ ਵਿਚ ਵਿਦਿਆਰਥੀ ਦਾ ਸੁਰੱਖਿਅਤ ਭਵਿੱਖ ਹੁੰਦਾ ਹੈ।

**ਸੁਖਵਿੰਦਰ ਸਿੰਘ**
**ਪੰਜਾਬੀ ਮਾਸਟਰ**
**ਸ: ਹ: ਸ:, ਝੱਲੀਆਂ ਖੁਰਦ, ਰੂਪਨਗਰ**